ਮਾਂ ਬੋਲੀ ਜੇ ਭੁੱਲ ਜਾਵੋਗੇ, ਕੱਖਾਂ ਵਾਂਗੂੰ ਰੁਲ ਜਾਵੋਗੇ ।

# PANJABI SATH ਪੰਜਾਬੀ ਸੱਥ پنجابی سٿھ

ਪੰਜਾਬੀ ਸੱਥ ਲਾਂਬੜਾ, ਜਲੰਧਰ (ਪੰਜਾਬ) ਫੋਨ: 0181-2791036 PANJABI SATH LAMBRA. JALANDHAR (PANJAB)

ਨੰਬਰ 171/04 ਮਿਤੀ 20.10.2004

## ਅਹੁਦੇਦਾਰੀ ਲਈ ਨਿਯੁਕਤੀ ਪੱਤਰ

ਮਾਂ ਬੋਲੀ ਦੀਆਂ ਵਡਮੁੱਲੀਆਂ ਵਿਰਾਸਤੀ ਰਵਾਇਤਾਂ ਨੂੰ ਆਪਣੀਆਂ ਅਗਲੇਰੀਆਂ ਪੀੜ੍ਹੀਆਂ ਤੀਕ ਪਹੁੰਚਾਉਣ ਲਈ ਪੰਜਾਬੀ ਸੱਥ ਆਪਣੇ ਮੁੱਢ ਤੋਂ ਈ ਫਿਕਰਮੰਦ ਰਹੀ ਹੈ । ਏਸੇ ਸੋਚ ਸਦਕਾ ਸਾਡੀ ਜ਼ੁਬਾਨ ਦੇ ਵੰਨ-ਸੁਵੰਨੇ ਲਹਿਜਿਆਂ ਦੀ ਨਿਵੇਕਲੀ ਪਛਾਣ ਨੂੰ ਬਰਕਰਾਰ ਰੱਖਣ ਲਈ ਇਲਾਕਾਈ ਪੱਧਰ ਉੱਤੇ ਇਕਾਈਆਂ ਕਾਇਮ ਕਰਨ ਦਾ ਫੈਸਲਾ ਕੀਤਾ ਗਿਆ ਹੈ ।

ਪੁਆਧ ਇਲਾਕੇ ਦੀਆਂ ਅਮੀਰ ਕਦਰਾਂ-ਕੀਮਤਾਂ ਅਤੇ ਬਹੁਤ ਹੀ ਪਿਆਰੀ ਤੇ ਮਿੱਠੀ ਪੁਆਧੀ ਉਪਬੋਲੀ ਨੂੰ ਨਤ-ਮਸਤਕ ਹੁੰਦਿਆਂ ਪੰਜਾਬੀ ਸੱਥ ਵੱਲੋਂ ਫੈਸਲਾ ਕੀਤਾ ਗਿਆ ਹੈ ਕਿ ਏਸ ਇਲਾਕੇ ਵਿਚ 'ਪੁਆਧੀ ਪੰਜਾਬੀ ਸੱਥ' ਦੇ ਨਾਂ ਹੇਠ ਇਕਾਈ ਕਾਇਮ ਕੀਤੀ ਜਾਵੇ । ਇਸ ਇਕਾਈ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੀ ਜ਼ਿੰਮੇਵਾਰੀ ਸ.ਮਨਮੋਹਨ ਸਿੰਘ ਦਾਊਂ ਜੀ ਨੂੰ ਸੌਂਪਣ ਦਾ ਫੈਸਲਾ ਕੀਤਾ ਗਿਆ ਹੈ । ਦਾਊਂ ਜੀ ਹੀ 'ਪੁਆਧੀ ਪੰਜਾਬੀ ਸੱਥ' ਦੇ ਕਰਤਾ ਧਰਤਾ ਅਤੇ ਸੰਚਾਲਕ ਹੋਣਗੇ । ਉਹ ਪੰਜਾਬੀ ਸੱਥ ਦੇ ਮੁਖ ਮੰਤਵਾਂ ਅਤੇ ਉਦੇਸ਼ਾਂ ਅਨੁਸਾਰ ਰੋਜ਼ਮਰਾ ਦੀਆਂ ਗਤੀਵਿਧੀਆਂ ਚਲਾਉਣ ਲਈ ਕੋਈ ਵੀ ਲੋਕਹਿਤ ਵਾਲਾ ਫੈਸਲਾ ਖੁਦਮੁਖਤਾਰੀ ਨਾਲ ਲੈਣ ਲਈ ਆਜ਼ਾਦ ਹੋਣਗੇ ।

ਡਾ. ਨਿਰਮਲ ਸਿੰਘ
ਸੇਵਾਦਾਰ
ਪੰਜਾਬੀ ਸੱਥ, ਲਾਂਬੜਾ-ਜਲੰਧਰ